(i) Printed Pages : 4 Roll No. ................................

(ii) Questions : 5

**Sub. Code : | 0 | 4 | 0 | 2 |**

**Exam. Code : | 1 | 0 | 3 |**

**B.A./B.Sc. (General) 3rd Year**

**1046**

**PUNJABI (Compulsory)**

**(For B.A. only & Shastri Part-III)**

**Paper : A**

**Time Allowed : Three Hours]** **[Maximum Marks : 45**

**ਨੋਟ :** (i) ਸਵਾਲ ਨੰਬਰ ਸਪੱਸ਼ਟ ਕਰਦੇ ਹੋਏ ਹਰ ਨਵਾਂ ਸਵਾਲ ਨਵੇਂ ਸਫੇ ਤੇ ਸ਼ੁਰੂ ਕੀਤਾ ਜਾਵੇ।

(ii) ਪ੍ਰਸ਼ਨ ਨੰਬਰ 5 ਦੇ ਉੱਤਰ ਹਰ ਭਾਗ ਦੇ ਅਨੁਸਾਰ ਕ੍ਰਮ ਵਿੱਚ ਦਿੱਤੇ ਜਾਣ।

1. ਹੇਠ ਲਿਖੇ ਕਾਵਿ ਬੰਦਾਂ ਵਿਚੋਂ ਕਿਸੇ **ਇੱਕ** ਦੀ ਪ੍ਰਸੰਗ ਸਹਿਤ ਵਿਆਖਿਆ ਕਰੋ :

(ੳ) ਸਚੇ ਤੁਧ ਆਖਹਿ ਲਖ ਕਰੋੜਿ॥

ਸਚੈ ਸਭਿ ਤਾਣਿ ਸਚੈ ਸਭ ਜੋਰਿ॥

ਸਚੀ ਤੇਰੀ ਸਿਫਤਿ ਸਚੀ ਸਾਲਾਹਿ॥

ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹੁ॥

ਨਾਨਕ ਸਚੁ ਧਿਆਇਨਿ ਸਚੁ॥

ਜੋ ਮਰਿ ਜੰਮੇ ਸੁ ਕਚੁ ਨਿਕਚੁ॥

(ਅ) ਨਾ ਤਿਸੁ ਭਾਰੇ ਪਰਬਤਾਂ ਅਸਮਾਨ ਖਹੰਦੇ॥
ਨਾ ਤਿਸੁ ਭਾਰੇ ਕੋਟ ਗੜ੍ਹ ਘਰ ਬਾਰ ਦਿਸੰਦੇ॥
ਨਾ ਤਿਸੁ ਭਾਰੇ ਸਾਇਰਾਂ ਨਦ ਵਾਹ ਵਹੰਦੇ॥
ਨਾ ਤਿਸੁ ਭਾਰੇ ਤਰੁਵਰਾਂ ਫਲ ਸਫਲ ਫਲੰਦੇ॥
ਨਾ ਤਿਸੁ ਭਾਰੇ ਜੀਅ ਜੰਤ ਅਣਗਿਣਤ ਫਿਰੰਦੇ॥
ਭਾਰੇ ਭੂਈਂ ਅਕਿਰਤਘਣਾ ਮੰਦੀ ਹੂ ਮੰਦੇ॥

(ੲ) ਐਵੇ ਮੱਥਾ ਜ਼ਿਮੀ ਘਸਾਈਦਾ, ਲੰਬਾ ਪੈ ਮਹਿਰਾਬ ਦਿਖਾਈ ਦਾ,
ਪੜ੍ਹ ਕਲਮਾ ਲੋਕ ਹਸਾਈਦਾ, ਦਿਲ ਅੰਦਰ ਸਮਝ ਨਾ ਲਿਆਈਦਾ,
ਕਦੀ ਸੱਚੀ ਬਾਤ ਵੀ ਲੁਕਦੀ ਏ, ਇਕ ਨੁਕਤੇ ਵਿਚ ਗੱਲ ਮੁਕਦੀ ਏ।
5

2. ਕਿਸੇ **ਇੱਕ** ਕਵਿਤਾ ਦਾ ਸਾਰ ਲਿਖੋ :

(ੳ) ਕਈ ਜਨਮ ਭਏ

(ਅ) ਸੱਜਣ ਦੇ ਗਲ ਬਾਂਹ ਅਸਾਡੀ

(ੲ) ਮਾਈ ਮੈ ਧਨੁ ਪਾਇਓ। 5

3. 'ਤਫ਼ਤੀਸ਼' ਨਾਵਲ ਦਾ ਵਿਸ਼ਾ ਸਪੱਸ਼ਟ ਕਰੋ।

**ਜਾਂ**

ਸ਼ਿਵ ਪ੍ਰਸਾਦ ਦਾ ਚਰਿੱਤਰ ਚਿਤਰਨ ਕਰੋ। 10

4. 'ਚੋਣਵੇਂ ਲੇਖ' ਪੁਸਤਕ ਦੇ ਆਧਾਰ ਤੇ **ਇੱਕ** ਲੇਖ ਦਾ ਸਾਰ ਲਿਖੋ :

(ੳ) ਘਰ ਦਾ ਪਿਆਰ

(ਅ) ਵਿਹਲੀਆਂ ਗੱਲਾਂ

(ੲ) ਗੁਰੂ ਨਾਨਕ ਦੇਵ ਜੀ ਦਾ ਦੇਸ਼ ਪਿਆਰ। 10

5. (ੳ) 'ਗੁਰਮਤਿ ਅਤੇ ਸੂਫੀ ਕਾਵਿ' ਪੁਸਤਕ ਦੇ ਆਧਾਰ 'ਤੇ **ਪੰਜ** ਪ੍ਰਸ਼ਨਾਂ ਦਾ ਉੱਤਰ ਦਿਓ :

(i) ਫਰੀਦ ਜੀ ਮਨੁੱਖ ਨੂੰ ਕਿਸ ਤਰ੍ਹਾਂ ਦੀ ਖੁਰਾਕ ਖਾਣ ਦੀ ਸਿਖਿਆ ਦਿੰਦੇ ਹਨ ?

(ii) 'ਜੋਗ ਸਬਦੰ ਗਿਆਨ ਸਬਦੰ' ਸਲੋਕ ਵਿੱਚ ਗੁਰੂ ਜੀ ਸਾਰਿਆਂ ਦਾ ਮੁੱਖ ਧਰਮ ਕੀ ਦੱਸਦੇ ਹਨ ?

(iii) ਮਨੁੱਖ ਦੇ ਕੰਨ ਕਦੋਂ ਪਵਿੱਤਰ ਹੁੰਦੇ ਹਨ ?

(iv) 'ਕਈ ਜਨਮ ਭਏ' ਸ਼ਬਦ ਅਨੁਸਾਰ ਮਨੁੱਖ ਕਿਹੜੀ-ਕਿਹੜੀ ਜੂਨ ਭੁਗਤ ਕੇ ਮਨੁੱਖਾ ਜਨਮ ਵਿੱਚ ਆਇਆ ਹੈ।

(v) ਗੁਰੂ ਤੇਗ ਬਹਾਦਰ ਜੀ ਦਾ ਸੰਬੰਧ ਕਿਸ ਕਾਵਿ-ਧਾਰਾ ਨਾਲ ਹੈ ?

(vi) 'ਧ੍ਰੂ ਹਸਦਾ ਘਰਿ ਆਇਆ' ਕਵਿਤਾ ਦਾ ਕੇਂਦਰੀ ਵਿਚਾਰ ਕੀ ਹੈ ?

(vii) 'ਨੀ ਸਈਓ ਮੈਨੂੰ ਢੋਲ ਮਿਲੇ ਤਾਂ ਜਾਪੈ' ਕਾਫ਼ੀ ਵਿੱਚ ਬਿਰਹਨ ਜੀਵ ਇਸਤਰੀ ਨੇ ਆਪਣਾ ਬਚਪਨ ਤੇ ਜਵਾਨੀ ਕਿਸ ਤਰ੍ਹਾਂ ਗੁਜਾਰੇ ਹਨ ?

(viii) 'ਸੇ ਸਾਬਤ ਸਿਦਕ ਤੇ ਕਦਮ ਅਗੇਰੇ' ਦੋਹੜੇ ਦਾ ਕੇਂਦਰੀ ਭਾਵ ਲਿਖੋ। $5\times1=5$

(ਅ) 'ਤਫ਼ਤੀਸ਼' ਨਾਵਲ ਦੇ ਆਧਾਰ 'ਤੇ **ਪੰਜ** ਪ੍ਰਸ਼ਨਾਂ ਦਾ ਉੱਤਰ ਦਿਓ :

(i) ਮੁਨਸ਼ੀ ਨੂੰ ਸੰਤੋਖ ਸਿੰਘ ਨਾਲ ਕੀ ਈਰਖਾ ਸੀ ?

(ii) ਅਗਵਾਕਾਰ ਦਹਿਸ਼ਤਗਰਦਾਂ ਨੇ ਚਿੱਠੀ ਵਿੱਚ ਕੀ ਲਿਖਿਆ ਸੀ ?

(iii) ਸ਼ਿਵ ਨੂੰ ਡਿਊਟੀ ਸੰਬੰਧੀ ਕਿਹੜੀ ਗੱਲ ਪਸੰਦ ਨਹੀਂ ਸੀ ?

(iv) ਨੌਨਿਹਾਲ ਸਿੰਘ ਮਨਬੀਰ ਦੇ ਵਿਰੁੱਧ ਕਿਉਂ ਹੋ ਗਿਆ ?

(v) ਖਾਨ ਦੇ ਜ਼ਿਹਨ ਵਿੱਚ ਕਿੰਨ੍ਹਾਂ-ਕਿੰਨ੍ਹਾਂ ਜ਼ੁਰਮ-ਵਿਗਿਆਨੀਆਂ ਦੇ ਵਿਚਾਰ ਘੁੰਮ ਰਹੇ ਸਨ ?

(vi) ਅਗਵਾੜ ਵਿੱਚ ਕੌਣ ਰਹਿੰਦੇ ਸਨ ?

(vii) ਗੱਜਣ ਸਿੰਘ ਨੇ ਕਲਕੱਤੇ ਵਾਲਿਆਂ ਨਾਲ ਕੀ ਸਲੂਕ ਕੀਤਾ ?

(viii) ਲਾਲ ਸਿੰਘ ਨੇ ਤਰਕਸ਼ੀਲਾਂ ਨੂੰ ਕਿਸ ਤਰ੍ਹਾਂ ਤਸੀਹੇ ਦਿੱਤੇ।

5×1=5

(ਏ) 'ਚੋਣਵੇਂ ਲੇਖ' ਪੁਸਤਕ ਦੇ ਆਧਾਰ ਤੇ **ਪੰਜ** ਪ੍ਰਸ਼ਨਾਂ ਦੇ ਉੱਤਰ ਦਿਓ :

(i) ਸਿੱਖ ਗੁਰੂ ਸਾਹਿਬਾਂ ਨੇ ਰਾਗਾਂ ਵਿਚ ਕੀ-ਕੀ ਤਬਦੀਲੀਆਂ ਕੀਤੀਆਂ ?

(ii) ਗੁਰੂ ਗੋਬਿੰਦ ਸਿੰਘ ਜੀ ਨੇ ਹਾਸ ਰਸ ਲਈ ਕਿਹੜਾ ਸਾਧਨ ਅਪਨਾਇਆ ?

(iii) ਰੂਮੀ ਗੁਸਲਖਾਨੇ ਕਿੰਨ੍ਹਾ-ਕਿੰਨ੍ਹਾ ਬਾਦਸ਼ਾਹਾਂ ਨੇ ਬਣਵਾਏ ?

(iv) ਗੰਗਾਦੀਨ ਦਾ ਸਰੀਰਕ ਰੂਪ ਰੰਗ ਕਿਹੋ ਜਿਹਾ ਸੀ ?

(v) 'ਲੋਕ ਭਰਮ' ਲੇਖ ਵਿਚ ਲੇਖਕ ਨੇ ਕਿਹੜੇ-ਕਿਹੜੇ ਭਰਮਾਂ ਦੀ ਗੱਲ ਕੀਤੀ ਹੈ ?

(vi) ਲੇਖਕ ਹਿੰਦੂਆਂ ਤੇ ਸਿੱਖਾਂ ਵਿਚ ਦੁਫੇੜ ਪੈਦਾ ਹੋਣ ਦਾ ਕੀ ਕਾਰਨ ਦੱਸਦਾ ਹੈ ?

(vii) ਨਵੇਂ ਜ਼ਮਾਨੇ ਵਿੱਚ ਲੇਖਕ ਕਿਹੜੀਆਂ-ਕਿਹੜੀਆਂ ਤਬਦੀਲੀਆਂ ਦੇਖਦਾ ਹੈ ?

(viii) ਪੰਜਾਬੀ ਵਿੱਚ ਕਾਫ਼ੀ ਲਿਖਣ ਵਾਲੇ ਕਿਹੜੇ-ਕਿਹੜੇ ਸੂਫ਼ੀ ਕਵੀ ਹਨ ? 5×1=5